# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਤ)

## (ਕਾਲਜ ਸੈਕਸ਼ਨ)

ਨੰ: 10864 /ਕਾਲਜਾਂ/ਸ-3

ਮਿਤੀ: 20/10/2023

**E-mail/webpage**

ਯੂਨੀਵਰਸਿਟੀ ਨਾਲ ਸੰਬੰਧਿਤ ਸਮੂਹ ਕਾਲਜਾਂ ਦੇ
ਚੇਅਰਮੈਨ/ਪ੍ਰਿੰਸੀਪਲ ਸਾਹਿਬਾਨਾਂ ਨੂੰ

**ਵਿਸ਼ਾ: ਕਾਲਜਾਂ ਦੀ ਇੰਡੋਮੈਂਟ ਫ਼ੰਡ ਵੱਜੋਂ ਪਈ ਐਫ਼.ਡੀ.ਆਰਜ਼. ਦੀ ਮਿਤੀ ਮੈਚਿਓਰ ਹੋਣ ਉਪਰੰਤ ਰੀਨਿਊ ਕਰਵਾਉਣ ਹਿੱਤ ਅਤੇ ਐਫ਼.ਡੀ.ਆਰ. ਰੀਨਿਊ ਕਰਵਾਉਣ ਸਮੇਂ ਬਣਦੇ ਸਰਵਿਸ ਚਾਰਜਿਜ਼ ਸੰਬੰਧੀ।**

**ਹਵਾਲਾ: ਪੱਤਰ ਨੰ: 7601/ਕਾਲਜਾਂ/ਸ-3 ਮਿਤੀ 16.05.2023 ਅਤੇ ਪੱਤਰ ਨੰ: 8170/ਕਾਲਜਾਂ/ਸ-3 ਮਿਤੀ 20.06.2023 ਸੰਬੰਧੀ।**

ਉਪਰੋਕਤ ਵਿਸ਼ੇ ਅਤੇ ਹਵਾਲੇ ਅਧੀਨ **ਵਾਈਸ-ਚਾਂਸਲਰ ਸਾਹਿਬ ਵੱਲੋਂ ਹੋਏ ਆਦੇਸ਼ਾਂ ਅਨੁਸਾਰ, ਅਕਾਦਮਿਕ ਕੌਂਸਲ ਦੀ ਪ੍ਰਵਾਨਗੀ ਦੀ ਆਸ ਵਿੱਚ**, ਆਪ ਜੀ ਨੂੰ ਮੁੜ ਸੂਚਿਤ ਕੀਤਾ ਜਾਂਦਾ ਹੈ ਕਿ:

1. ਸਬੰਧਤ ਕਾਲਜਾਂ ਦੀ ਇੰਡੋਮੈਂਟ ਫ਼ੰਡ ਐਫ਼.ਡੀ.ਆਰਜ਼. ਮੈਚਿਓਰ ਹੋਣ ਉਪਰੰਤ ਐਫ਼.ਡੀ.ਆਰ. ਦੀ Principle Amount ਦੀ FDR ਬੈਂਕ ਤੋਂ ਰੀਨਿਊ ਕਰਵਾਉਣ (ਜਿਸ ਦੀ ਅਵਧੀ ਘੱਟੋ-ਘੱਟ 5 ਸਾਲ ਦੀ ਹੋਵੇਗੀ) ਅਤੇ ਬਣਦੇ ਸਰਵਿਸ ਚਾਰਜਿਜ਼ ਸਮੇਂ ਸਿਰ ਯੂਨੀਵਰਸਿਟੀ ਵਿਖੇ ਜਮ੍ਹਾਂ ਕਰਵਾਉਣ ਦੀ ਜ਼ਿੰਮੇਵਾਰੀ ਸਬੰਧਤ ਕਾਲਜਾਂ ਦੀ ਹੋਵੇਗੀ।
2. ਜਿਹੜੇ ਕਾਲਜਾਂ ਦੀਆਂ ਇੰਡੋਮੈਂਟ ਫ਼ੰਡ ਐਫ਼.ਡੀ.ਆਰਜ਼. ਦੀ ਰੀਨਿਊਲ (Renewal)/ਸੋਧ (Amendment) ਕਰਨ ਲਈ FDRs ਬੈਂਕਾਂ/ਕਾਲਜਾਂ ਨੂੰ ਭੇਜੀਆਂ ਹੋਈਆਂ ਹਨ, ਨੂੰ ਸੰਬੰਧਿਤ ਕਾਲਜ ਮਿਤੀ 30.11.2023 ਤੱਕ ਯੂਨੀਵਰਸਿਟੀ ਵਿਖੇ ਜਮ੍ਹਾਂ ਕਰਵਾਉਣ। ਅਜਿਹਾ ਨਾ ਕਰਨ ਦੀ ਸੂਰਤ ਵਿੱਚ, ਸਬੰਧਤ ਕਾਲਜਾਂ ਦੀ ਇੰਡੋਮੈਂਟ ਫ਼ੰਡ ਐਫ਼.ਡੀ.ਆਰਜ਼. ਪਟਿਆਲਾ ਸ਼ਹਿਰ ਦੇ ਕਿਸੇ ਵੀ ਬੈਂਕ ਵਿੱਚੋਂ ਬਣਵਾ ਕੇ ਦੇਣੀ ਪਵੇਗੀ ਅਤੇ ਨਾਲ ਹੀ FDRs renew ਦੀ ਦੇਰੀ ਦੀ ਸੂਰਤ ਵਿੱਚ, ਕਾਲਜਾਂ ਨੂੰ ਮਿਤੀ 01.12.2023 ਤੋਂ ₹ 5,000/- ਰੁਪਏ ਪ੍ਰਤੀ ਮਹੀਨਾ ਜੁਰਮਾਨਾ ਜਮ੍ਹਾਂ ਕਰਵਾਉਣਾ ਪਵੇਗਾ।
3. ਜਿਹੜੇ ਕਾਲਜਾਂ ਦੇ ਬਣਦੇ ਸਰਵਿਸ ਚਾਰਜਿਜ਼ ਪੈਂਡਿੰਗ ਹਨ/ਸੋਧ ਕਰਨ ਹਿੱਤ ਵਾਪਿਸ ਭੇਜੇ ਗਏ ਹਨ (ਜਿਸ ਸੰਬੰਧੀ ਕਾਲਜਾਂ ਨੂੰ ਵਾਰ-ਵਾਰ ਯਾਦ-ਪੱਤਰ ਵੀ ਪਾਏ ਜਾਂਦੇ ਹਨ), ਉਹ ਆਪਣੇ ਪੈਂਡਿੰਗ ਸਰਵਿਸ ਚਾਰਜਿਜ਼ ਮਿਤੀ 30.11.2023 ਤੱਕ ਯੂਨੀਵਰਸਿਟੀ ਵਿਖੇ ਜਮ੍ਹਾਂ ਕਰਵਾਉਣ। ਅਜਿਹਾ ਨਾ ਕਰਨ ਦੀ ਸੂਰਤ ਵਿੱਚ, ਕਾਲਜਾਂ ਨੂੰ ਮਿਤੀ 01.12.2023 ਤੋਂ ₹ 5,000/- ਰੁਪਏ ਪ੍ਰਤੀ ਮਹੀਨਾ ਜੁਰਮਾਨਾ ਜਮ੍ਹਾਂ ਕਰਵਾਉਣਾ ਪਵੇਗਾ।
4. ਭੱਵਿਖ ਵਿੱਚ ਵੀ ਜਿਹੜੇ ਕਾਲਜ ਆਪਣੇ ਬਣਦੇ ਸਰਵਿਸ ਚਾਰਜਿਜ਼ ਸਮੇਂ ਸਿਰ ਜਮ੍ਹਾਂ ਨਹੀਂ ਕਰਵਾਉਂਦੇ ਤਾਂ ਉਨ੍ਹਾਂ ਕਾਲਜਾਂ ਨੂੰ ₹ 5000/- ਰੁਪਏ ਪ੍ਰਤੀ ਮਹੀਨਾ ਜੁਰਮਾਨਾ ਜਮ੍ਹਾਂ ਕਰਵਾਉਣਾ ਪਵੇਗਾ।

5. ਯੂਨੀਵਰਸਿਟੀ ਕੈਲੰਡਰ ਵਿੱਚ ਦਰਜ ਨਿਯਮਾਂ ਅਨੁਸਾਰ ਕਾਲਜ ਦੀ ਸਬੰਧਤਾ ਸਮੇਂ ਇੰਡੋਮੈਂਟ ਫ਼ੰਡ ਵੱਜੋਂ ਐਫ਼.ਡੀ.ਆਰ. ਰੀਨਿਊ ਕਰਵਾਉਣ ਸਮੇਂ ਸਰਵਿਸ ਚਾਰਜ ਵੱਜੋਂ ਲਏ ਜਾਣ ਵਾਲੇ ਵਿਆਜ ਸੰਬੰਧੀ ਮਿਤੀ 11.11.2022 ਨੂੰ ਹੋਈ ਇਕੱਤਰਤਾ ਵਿੱਚ ਲਏ ਗਏ ਫ਼ੈਸਲੇ ਅਨੁਸਾਰ, ਉਕਤ ਕਮੇਟੀ ਦੀਆਂ ਸਿਫ਼ਾਰਿਸ਼ਾਂ ਵਾਈਸ-ਚਾਂਸਲਰ ਸਾਹਿਬ ਦੀ ਪ੍ਰਵਾਨਗੀ ਭਾਵ ਮਿਤੀ 19.11.2022 onwards Renew ਹੋਣ ਵਾਲੀਆਂ ਸਾਰੀਆਂ FDRs ਤੇ ਇੰਡੋਮੈਂਟ ਫ਼ੰਡ ਵੱਜੋਂ ਐਫ਼.ਡੀ.ਆਰ. ਤੇ 3% ਸਰਵਿਸ ਚਾਰਜ ਦੀ ਥਾਂ ਤੇ 50% ਕਾਲਜ ਨੂੰ ਅਤੇ 50% ਯੂਨੀਵਰਸਿਟੀ ਵਿਖੇ ਜਮ੍ਹਾਂ ਹੋਵੇਗਾ। ਸਪੱਸ਼ਟ ਕੀਤਾ ਜਾਂਦਾ ਹੈ ਕਿ

   a) ਵਾਈਸ-ਚਾਂਸਲਰ ਸਾਹਿਬ ਵੱਲੋਂ ਕਮੇਟੀ ਦੀਆਂ ਸਿਫ਼ਾਰਿਸ਼ਾਂ ਪ੍ਰਵਾਨ ਕਰਨ ਦੀ ਮਿਤੀ 19.11.2022 ਤੋਂ ਪਹਿਲਾਂ Renew ਹੋਈਆਂ ਸਾਰੀਆਂ FDRs ਦੇ Maturity Date ਦੇ ਸਮੇਂ FDRs ਤੇ 3% ਸਰਵਿਸ ਚਾਰਜ ਯੂਨੀਵਰਸਿਟੀ ਵਿਖੇ ਜਮ੍ਹਾਂ ਹੋਵੇਗਾ (ਉਦਾਹਰਣ ਦੇ ਤੌਰ ਤੇ ਮਿਤੀ 18.11.2022 ਤੱਕ Renew ਹੋਈਆਂ ਸਾਰੀਆਂ FDRs ਦੇ Maturity Date (ਮਿਤੀ 18.11.2027 ਤੱਕ) ਦੇ ਸਮੇਂ 3% ਸਰਵਿਸ ਚਾਰਜ ਯੂਨੀਵਰਸਿਟੀ ਵਿਖੇ ਜਮ੍ਹਾਂ ਹੋਵੇਗਾ)।
   b) ਵਾਈਸ-ਚਾਂਸਲਰ ਸਾਹਿਬ ਵੱਲੋਂ ਕਮੇਟੀ ਦੀਆਂ ਸਿਫ਼ਾਰਿਸ਼ਾਂ ਪ੍ਰਵਾਨ ਕਰਨ ਦੀ ਮਿਤੀ 19.11.2022 ਨੂੰ ਜਾਂ ਇਸ ਮਿਤੀ ਉਪਰੰਤ Renew ਹੋਣ ਵਾਲੀਆਂ ਸਾਰੀਆਂ FDRs ਦੇ Maturity Date ਦੇ ਸਮੇਂ 50% ਸਰਵਿਸ ਚਾਰਜ ਕਾਲਜ ਨੂੰ ਅਤੇ 50% ਸਰਵਿਸ ਚਾਰਜ ਯੂਨੀਵਰਸਿਟੀ ਵਿਖੇ ਜਮ੍ਹਾਂ ਹੋਵੇਗਾ।

6. ਇਹ ਸਾਰੀਆਂ ਸਿਫ਼ਾਰਿਸ਼ਾਂ ਅਕਾਦਮਿਕ ਕੌਂਸਲ ਦੀ ਪ੍ਰਵਾਨਗੀ ਦੀ ਆਸ ਵਿੱਚ, ਇੰਨ-ਬਿੰਨ ਲਾਗੂ ਹੋਣਗੀਆਂ।

ਇਸ ਨੂੰ ਅਤਿ ਜ਼ਰੂਰੀ ਸਮਝਿਆ ਜਾਵੇ।

19.10.23

ਡੀਨ, ਕਾਲਜ ਵਿਕਾਸ ਕੌਂਸਲ